# ਮੌਡੀਊਲ 5 – ਤੁਹਾਡਾ ਡਾਇਐਲਿਸਿਸ ਕੈਥੇਟਰ
# Module 5 – Your Diaylsis Catheter

## ਕਿਸੇ ਸਿਹਤਮੰਦ ਕੈਥੇਟਰ ਵਾਸਤੇ ਮਹੱਤਵਪੂਰਨ ਨੁਕਤੇ
## Important Tips for a Healthy Catheter



- **ਸਫ਼ਾਈ ਨੂੰ ਧਿਆਨ ਵਿੱਚ ਰੱਖੋ।** ਅਸੀਂ ਇਸ ਬਾਰੇ ਜਿੰਨੀ ਗੱਲ ਕਰੀਏ ਉਹ ਘੱਟ ਹੈ। ਆਪਣੇ ਆਪ ਨੂੰ ਇਨਫੈਕਸ਼ਨ ਤੋਂ ਬਚਾਓ। ਆਪਣੇ ਹੱਥ ਧੋਵੋ ਅਤੇ ਹਰ ਵਾਰੀ ਆਪਣੇ ਕੈਥੇਟਰ ਦੀ ਵਰਤੋਂ ਕਰਦੇ ਹੋਏ ਸਹੀ ਤਕਨੀਕ ਅਪਣਾਓ।
- ਕੈਥੇਟਰ ਦੇ ਸਿਰਿਆਂ ਨੂੰ ਕਦੇ ਹੱਥ ਨਾ ਲਗਾਓ। ਕੈਥੇਟਰ ਦੇ ਸਿਰੇ ਨੂੰ ਤੁਹਾਡੇ ਦਿਲ ਦੇ ਅੰਦਰ ਜੋੜਿਆ ਜਾਂਦਾ ਹੈ। ਜਿਹੜੇ ਬੈਕਟੀਰੀਆ (ਕਿਟਾਣੂ) ਤੁਹਾਡੇ ਕੈਥੇਟਰ ਦੇ ਸਿਰੇ ਜਾਂ TEGO (ਟੈਗੋ) ਨੂੰ ਛੂਹੰਦੇ ਹਨ ਉਹ ਤੁਹਾਡੇ ਦਿਲ ਅੰਦਰ ਦਾਖ਼ਲ ਹੋ ਸਕਦੇ ਹਨ।
- ਜੇ ਤੁਸੀਂ ਕੈਥੇਟਰ ਦੀ ਕਿਸੇ ਖੁੱਲ੍ਹੀ ਨਲੀ ਨੂੰ ਗ਼ਲਤੀ ਨਾਲ ਛੂਹ ਦਿੰਦੇ ਹੋ ਜਾਂ ਜੇ ਤੁਹਾਡੇ ਕੈਥੇਟਰ TEGO ਕਨੈਕਟਰ ਦੀ ਟੋਪੀ ਡਿੱਗ ਜਾਂਦੀ ਹੈ ਜਾਂ ਨੁਕਸਾਨੀ ਜਾਂਦੀ ਹੈ ਤਾਂ ਉਸ ਨਲੀ ਦੇ ਸਿਰੇ ਨੂੰ ਕੀਟਾਣੂਨਾਸ਼ਕ ਪੂੰਝੇ (ਡਿਸਇਨਫੈਕਟੇਂ ਵਾਈਪ) ਨਾਲ 1 ਮਿੰਟ ਤਕ ਸਾਫ਼ ਕਰੋ। ਨਵੀਂ TEGO ਟੋਪੀ ਲਗਾਓ। ਜੇ TEGO ਕਨੈਟਰ ਟੋਪੀ ਗ਼ਾਇਬ ਹੋਵੇ ਤਾਂ ਨਰਸ ਨੂੰ ਫ਼ੋਨ ਕਰੋ।
- ਜਿਨ੍ਹਾਂ ਇਨਫੈਕਸ਼ਨਾਂ ਬਾਰੇ ਛੇਤੀ ਪਤਾ ਲਗ ਜਾਂਦਾ ਹੈ ਉਨ੍ਹਾਂ ਦਾ ਇਲਾਜ ਕਰਨਾ ਆਸਾਨ ਹੁੰਦਾ ਹੈ। ਆਪਣੇ ਸਰੀਰ ਦੇ ਤਾਪਮਾਨ ਦੀ ਬਾਕਾਇਦਾ ਜਾਂਚ ਕਰੋ। ਜੇ ਤੁਹਾਨੂੰ 37.5°C ਜਾਂ ਇਸ ਤੋਂ ਵੱਧ ਬੁਖਾਰ ਹੋਵੇ ਜਾਂ ਤੁਹਾਨੂੰ ਬੇਕਾਬੂ ਕੰਬਣੀ ਅਤੇ ਠੰਢ ਲੱਗਣ ਕਾਰਣ ਕਾਂਬਾ ਛਿੜੇ ਤਾਂ ਤੁਰੰਤ ਆਪਣੀ ਨਰਸ ਜਾਂ ਡਾਕਟਰ ਨੂੰ ਫ਼ੋਨ ਕਰੋ ਜਾਂ ਹਸਪਤਾਲ ਦੇ ਐਮਰਜੰਸੀ ਰੂਮ ਵਿਖੇ ਜਾਓ।
- ਕੈਥੇਟਰ ਨਾਲ ਟੱਬ ਵਿੱਚ ਨਾ ਬੈਠੋ ਜਾਂ ਸਵਿਮਿੰਗ ਕਰਨ ਨਾ ਜਾਓ।
- "ਹੀਮੋਡਾਇਐਲਿਸਿਸ ਕੈਥੇਟਰ ਲੱਗੇ ਹੋਣ 'ਤੇ ਨਹਾਉਣਾ" ਬਾਰੇ **www.bcrenalagency.ca** 'ਤੇ ਪੜ੍ਹੋ। ਕਲਿੱਕ ਕਰੋ: Health Info ➔ Managing My Care ➔ Vascular Access ➔ Catheter

1. **ਹਵਾ ਬਾਰੇ ਧਿਆਨ ਰੱਖੋ**

   - ਕੈਥੇਟਰ ਦੇ ਕਲੈਂਪ ਹਮੇਸ਼ਾ ਬੰਦ ਕਰੋ। ਇਹ ਯਕੀਨੀ ਬਣਾਓ ਕਿ ਹਰ ਵਾਰੀ ਜਦੋਂ ਤੁਸੀਂ ਆਪਣੇ TEGO ਕਨੈਕਟਰ ਦੀਆਂ ਟੋਪੀਆਂ ਬਦਲਦੇ ਹੋ, ਇਹ ਕਲੈਂਪ ਉਦੋਂ ਹਮੇਸ਼ਾ ਬੰਦ ਹੋਣ, ਇੱਕ ਸਰਿੰਜ ਲਗਾਓ ਜਾਂ ਖ਼ੂਨ ਲਈ ਨਲੀ ਲਗਾਓ।
   - ਵਹਾਅ ਦੀ ਜਾਂਚ ਕਰਨ ਸਮੇਂ ਸਰਿੰਜਾਂ ਨੂੰ ਸਿੱਧਾ ਰੱਖੋ ਤਾਂ ਕਿ ਹਵਾ ਦੇ ਬੁਲਬੁਲੇ ਸਰਿੰਜ ਦੇ ਬਿਲਕੁਲ ਉੱਪਰਲੇ ਸਿਰੇ ਵਿੱਚ ਰਹਿਣ।

2. **ਆਪਣੀ ਪੱਟੀ ਬਦਲਣੀ**

   - ਹਫ਼ਤੇ ਵਿੱਚ ________ ਦਿਨ ਆਪਣੀ ਪੱਟੀ ਬਦਲੋ (ਆਪਣੀ ਨਰਸ ਨਾਲ ਗੱਲ ਕਰੋ)।
   - ਕਈ ਲੋਕ ਨਹਾਉਣ ਤੋਂ ਬਾਅਦ ਆਪਣੇ ਕੈਥੇਟਰ ਦੀ ਪੱਟੀ ਬਦਲਦੇ ਹਨ।
   - ਆਪਣੀ ਪੱਟੀ ਨੂੰ ਖੁਸ਼ਕ ਰੱਖਣ ਦੀ ਕੋਸ਼ਿਸ਼ ਕਰੋ। ਜੇ ਉਹ ਗਿੱਲੀ ਹੋ ਜਾਵੇ ਤਾਂ ਉਸ ਨੂੰ ਬਦਲੋ।
   - ਆਪਣੀ ਪੱਟੀ ਬਦਲਣ ਸਮੇਂ ਸ਼ੀਸ਼ੇ ਦੀ ਵਰਤੋਂ ਕਰੋ।
   - ਜੇ ਤੁਹਾਨੂੰ ਕੈਥੇਟਰ ਦੇ ਆਲੇ-ਦੁਆਲੇ ਦਰਦ ਜਾਂ ਲਾਲੀ ਮਹਿਸੂਸ ਹੋਵੇ ਜਾਂ ਕੋਈ ਰਿਸਾਵ ਹੁੰਦਾ ਦਿਖੇ ਤਾਂ ਆਪਣੀ ਨਰਸ ਨੂੰ ਫ਼ੋਨ ਕਰੋ।

3. **ਖ਼ੂਨ ਦੇ ਵਹਾਓ ਸੰਬੰਧੀ ਤਬਦੀਲੀਆਂ**


   - ਤੁਹਾਡੇ ਕੈਥੇਟਰ ਵਿੱਚ ਖ਼ੂਨ ਦੇ ਵਹਾਓ ਸੰਬੰਧੀ ਤਬਦੀਲੀਆਂ ਅਤੇ ਤੁਹਾਡੀਆਂ ਧਮਣੀਆਂ/ ਨਾੜਾਂ ਵਿੱਚ ਦਬਾਅ ਦੇ ਆਮ ਪੱਧਰ ਵਿੱਚ ਆਈਆਂ ਤਬਦੀਲੀਆਂ ਦਾ ਮਤਲਬ ਹੋ ਸਕਦਾ ਹੈ ਕਿ ਜਾਂ ਤਾਂ ਤੁਹਾਡੇ ਕੈਥੇਟਰ ਅੰਦਰ ਗਤਲਾ ਬਣ ਰਿਹਾ ਹੈ ਜਾਂ ਫਿਬਰਿਨ ਸ਼ੀਥ (ਜਿੱਥੇ ਕੈਥੇਟਰ ਦੀ ਸੂਈ ਧਮਣੀ ਅੰਦਰ ਦਾਖ਼ਲ ਹੁੰਦੀ ਹੈ ਉੱਥੇ ਸੈੱਲਾਂ ਅਤੇ ਰਹਿੰਦ-ਖੂੰਹਦ ਦਾ ਜੰਮ੍ਹਾਂ ਹੋਣਾ) ਬਣ ਰਹੀ ਹੋ ਸਕਦੀ ਹੈ। ਤੁਹਾਨੂੰ ਆਪਣੀ TEGO ਕਨੈਕਟਰ ਟੋਪੀ ਬਦਲਣ ਦੀ ਲੋੜ ਪੈ ਸਕਦੀ ਹੈ।
   - ਜੇ ਅਜਿਹਾ ਹੁੰਦਾ ਹੈ ਤਾਂ ਆਪਣੀ ਨਰਸ ਨੂੰ ਦੱਸੋ। "CATHFLO" (ਕੈਥਫਲੋ) ਨਾਂ ਦੀ ਇੱਕ ਦਵਾਈ ਤੁਹਾਡੇ ਕੈਥੇਟਰ ਦੀ ਨਲੀ ਵਿੱਚ ਪਾਈ ਜਾ ਸਕਦੀ ਹੈ ਤਾਂ ਕਿ ਗਤਲੇ ਜਾਂ ਫਿਬਰਿਨ ਸ਼ੀਥ ਨੂੰ ਸੁਰੱਖਿਅਤ ਢੰਗ ਨਾਲ ਖੋਰਿਆ ਜਾ ਸਕੇ।

4. **ਆਪਣੇ ਕੈਥੇਟਰ ਨੂੰ ਸਿਰਫ਼ ਡਾਇਐਲਿਸਿਸ ਲਈ ਇਸਤੇਮਾਲ ਕਰੋ। ਤੁਹਾਡਾ ਕੈਥੇਟਰ ਹੀਮੋਡਾਇਐਲਿਸਿਸ ਤੋਂ ਇਲਾਵਾ ਹੋਰ ਕਿਸੇ ਚੀਜ਼ ਲਈ ਇਸਤੇਮਾਲ ਨਹੀਂ ਕੀਤਾ ਜਾਣਾ ਚਾਹੀਦਾ।**

## ਆਪਣੇ ਕੈਥੇਟਰ ਦੀਆਂ TEGO ਕਨੈਕਟਰ ਟੋਪੀਆਂ ਨੂੰ ਕਿਵੇਂ ਬਦਲਣਾ ਹੈ
## How to change your catheter TEGO connector caps

**ਯਾਦ ਰੱਖਣਯੋਗ ਮਹੱਤਵਪੂਰਣ ਗੱਲਾਂ:**

- TEGO ਕਨੈਕਟਰ ਹਰ ਹਫ਼ਤੇ ਬਦਲੇ ਜਾਂਦੇ ਹਨ। ਜੇ ਤੁਸੀਂ ਖ਼ੂਨ ਦਾ ਗਤਲਾ ਬਣਿਆ ਦੇਖੋ ਜਾਂ ਇਹ ਮਹਿਸੂਸ ਕਰੋ ਕਿ ਖ਼ੂਨ ਦਾ ਵਹਾਅ ਠੀਕ ਨਹੀਂ ਚਲ ਰਿਹਾ ਤਾਂ ਤੁਹਾਨੂੰ ਕਨੈਕਟਰ ਛੇਤੀ ਬਦਲਣੇ ਪੈ ਸਕਦੇ ਹਨ।
- ਜੇ TEGO ਕਨੈਕਟਰ ਦੀ ਟੋਪੀ ਢਿੱਲੀ ਹੋ ਜਾਵੇ ਜਾਂ ਡਿੱਗ ਜਾਵੇ ਤਾਂ ਇਹ ਯਕੀਨੀ ਬਣਾਓ ਕਿ ਕੈਥੇਟਰ ਦੇ ਕਲੈਂਪ ਲੱਗੇ ਰਹਿਣ। ਤੁਹਾਨੂੰ ਇਨਫੈਕਸ਼ਨ ਹੋਣ ਅਤੇ ਤੁਹਾਡੇ ਖ਼ੂਨ ਵਿੱਚ ਹਵਾ ਦਾਖ਼ਲ ਹੋਣ ਦਾ ਖ਼ਤਰਾ ਹੁੰਦਾ ਹੈ ਅਤੇ ਇਸ ਲਈ ਤੁਰੰਤ ਦੇਖਭਾਲ ਦੀ ਲੋੜ ਪੈਂਦੀ ਹੈ। ਆਪਣੀ ਨਰਸ ਨੂੰ ਫੋਨ ਕਰੋ ਜਾਂ ਆਪਣੇ ਨੇੜਲੇ ਐਮਰਜੰਸੀ ਰੂਮ ਵਿਖੇ ਜਾਓ।



**TEGO (ਟੈਗੋ) ਕਨੈਕਟਰ ਟੋਪੀ**

**ਸਾਮਾਨ:**

- 2 ਸਾਫ਼ ਕੱਪੜੇ
- ਕਿਟਾਣੂਨਾਸ਼ਕ ਵਾਈਪਸ (ਅਨੇਕਾਂ)
- TEGO (ਟੈਗੋ) ਕਨੈਕਟਰ ਟੋਪੀਆਂ
- 2 ਪੈਕੇਟ ਪੱਟੀਆਂ (4 ਪੱਟੀਆਂ ਵਾਲੇ 4 ਪੈਕੇਟ)
- ਟੇਪ (1 ਇੰਚ)
- 2 - 20 ਮਿ.ਲਿ. ਵਾਲੀਆਂ – ਪਹਿਲਾਂ ਤੋਂ ਹੀ ਸੈਲਾਈਨ ਸਰਿੰਜਾਂ ਜਾਂ 4 - 10 ਮਿ.ਲਿ. ਵਾਲੀਆਂ ਪਹਿਲਾਂ ਤੋਂ ਹੀ ਸੈਲਾਈਨ ਸਰਿੰਜਾਂ
- ਹੈਪੇਰਿਨ ਦੀ 1 ਬੋਤਲ 1000 ਯੂਨਿਟ/ਮਿ.ਲਿ.
- 21 ਗੇਜ ਵਾਲੀ ਸੂਈ
- ਇੱਕ ਸਰਿੰਜ 10 ਮਿ.ਲਿ. ਵਾਲੀ
- 2 ਪਲਾਸਟਿਕ ਕਲੈਂਪ
- ਛੋਟਾ ਗਾਰਬੇਜ ਬੈਗ
- ਮੇਜ਼ ਉੱਪਰ ਰੱਖਣ ਲਈ ਸਟੈਂਡ ਵਾਲਾ ਸ਼ੀਸ਼ਾ
- ਚਿਹਰੇ ਲਈ ਮਾਸਕ
- ਹੱਥਾਂ ਲਈ ਸੈਨੀਟਾਇਜ਼ਰ

**ਆਪਸ਼ਨਲ ਸਾਮਾਨ**

- ਬਲੱਡ ਡਿਟੈਕਟਰ (ਐਨਿਊਰੇਮਿਸ ਅਲਾਰਮ) ਜੇ ਤੁਸੀਂ ਡਾਇਐਲਿਸਿਸ ਕਰਦੇ ਹੋਏ ਸੌਣਾ ਹੈ।
- ਦਸਤਾਨੇ

## ਹਿਦਾਇਤਾਂ Instructions

1. ਆਪਣੇ ਹੱਥਾਂ ਨੂੰ ਪੂਰੇ ਇੱਕ ਮਿੰਟ ਤਕ ਧੋਵੋ।
2. ਕੈਥੇਟਰ ਦੀਆਂ ਨਲੀਆਂ ਤੋਂ ਪੱਟੀ ਉਤਾਰੋ।
3. ਹੱਥਾਂ ਨੂੰ ਸੈਨੇਟਾਈਜ਼ ਕਰੋ ਅਤੇ ਮਾਸਕ ਪਹਿਨੋ।
4. ਸਾਫ਼ ਕੱਪੜੇ ਵਿਛਾ ਕੇ ਉਸ ਉੱਪਰ ਆਪਣੇ ਸਾਮਾਨ ਨੂੰ ਤਿਆਰ ਕਰੋ।
5. TEGO ਕਨੈਕਟਰ ਦੀ ਟੋਪੀ ਵਾਲੇ ਪੈਕੇਜ ਨੂੰ ਧਿਆਨ ਨਾਲ ਖੋਲ੍ਹੋ। TEGO ਕਨੈਕਟਰ ਕੈਪ ਉੱਪਰ ਨੀਲੀ ਟੋਪੀ ਲੱਗੀ ਰਹਿਣ ਦਿਓ।
6. ਦੂਜਾ ਸਾਫ਼ ਕੱਪੜਾ ਕੈਥੇਟਰ ਦੀਆਂ ਨਲੀਆਂ ਦੇ ਹੇਠਾਂ ਆਪਣੀ ਕਮੀਜ਼ ਨਾਲ ਟੇਪ ਕਰੋ ਜਾਂ ਕਲੈਂਪਾਂ ਨਾਲ ਲਗਾਓ।

7. ਡਿਸਇਨਫੈਕਟਿੰਗ ਵਾਈਪ ਦੀ ਵਰਤੋਂ ਕਰਦੇ ਹੋਏ ਹਰ ਇੱਕ TEGO ਕਨੈਕਟਰ ਟੋਪੀ ਨੂੰ 30 ਸਕਿੰਟਾਂ ਲਈ ਰਗੜ ਕੇ ਸਾਫ਼ ਕਰੋ। ਜਿੱਥੇ TEGO/ਕੈਥੇਟਰ ਆਪਸ ਵਿੱਚ ਮਿਲਦੇ ਹਨ ਉੱਥੇ ਜ਼ਰੂਰ ਸਾਫ਼ ਕਰੋ। TEGO ਕਨੈਕਟਰ ਦੀ ਹਰ ਇੱਕ ਟੋਪੀ ਲਈ ਨਵਾਂ ਵਾਈਪ ਇਸਤੇਮਾਲ ਕਰੋ।

8. 4 x 4 ਵਾਲੀ ਪੱਟੀ ਹਟਾਓ ਅਤੇ ਕੈਥੇਟਰ ਦੀਆਂ ਨਲੀਆਂ ਨੂੰ ਕੀਟਾਣੂ ਰਹਿਤ 4 x 4 ਵਾਲੀ ਪੱਟੀ ਉੱਪਰ ਰੱਖੋ।

9. ਕੈਥੇਟਰ ਦੀਆਂ ਨਲੀਆਂ ਨੂੰ 1 ਮਿੰਟ ਤਕ ਹਵਾ ਲਗਾ ਕੇ ਸੁਕਾਓ।

10. ਇਹ ਪੱਕਾ ਕਰੋ ਕਿ ਕੈਥੇਟਰ ਦੇ ਕਲੈਂਪ ਬੰਦ ਕੀਤੇ ਹੋਣ। TEGO ਦਾ ਪੁਰਾਣਾ ਕਨੈਕਟਰ ਧਮਣੀ ਵਿੱਚੋਂ ਕੱਢੋ ਅਤੇ ਹਟਾਓ। ਖੂੰਜੇ (ਥਰੈੱਡ) ਅਤੇ ਹੱਬ ਦੇ ਸਿਰੇ ਨੂੰ ਚੰਗੀ ਤਰ੍ਹਾਂ ਰਗੜ ਕੇ ਸਾਫ਼ ਕਰੋ ਅਤੇ ਇਹ ਯਕੀਨੀ ਬਣਾਓ ਕਿ ਉੱਥੇ ਜੰਮੀਆ ਹੋਈਆਂ ਚੀਜ਼ਾਂ (ਜਿਵੇਂ ਕਿ ਖ਼ੂਨ) ਹਟਾਉਣ ਲਈ ਘੱਟੋ-ਘੱਟ 30 ਸਕਿੰਟਾਂ ਤਕ ਉਸ ਨੂੰ ਸਾਫ਼ ਕੀਤਾ ਜਾਵੇ। ਵਾਈਪ ਨੂੰ ਸੁੱਟ ਦਿਓ। ***ਖੁੱਲ੍ਹੇ ਸਿਰੇ ਆਪਣੇ ਹੱਥਾਂ ਨਾਲ ਨਾ ਛੂਹੋ।***

11. ਨਵੀਂ TEGO ਕਨੈਕਟਰ ਟੋਪੀ ਤੋਂ ਦਾ ਨੀਲਾ ਰੱਖਿਅਕ ਸਿਰਾ ਹਟਾਓ। TEGO ਕਨੈਕਟਰ ਟੋਪੀ ਦਾ ਲੱਗਣਯੋਗ (ਮੇਲ ਲਿਊਅਰ) ਹਿੱਸਾ ਕੈਥੇਟਰ ਦੀ ਧਮਣੀ ਵਾਲੇ ਅੰਗ ਵਿੱਚ ਲਗਾਓ। ਕੈਥੇਟਰ ਨੂੰ ਕਲੈਂਪ ਨਾਲ ਲੱਗਿਆ ਰਹਿਣ ਦਿਓ ਅਤੇ ਕੈਥੇਟਰ ਦੇ ਧਮਣੀ ਵਾਲੇ ਅੰਗ ਵੱਲ ਜਾਓ।

**ਕੀ ਤੁਸੀਂ ਜਾਣਦੇ ਹੋ?**

**ਲਿਊਅਰ ਲੌਕ** ਸਰਿੰਜ ਜਾਂ TEGO ਕਨੈਕਟਰ ਟੋਪੀ ਉੱਪਰ ਸਕਰਿਊ ਨਾਲ ਲੱਗਣ ਵਾਲਾ ਕਨੈਕਸ਼ਨ ਹੁੰਦਾ ਹੈ ਜੋ ਲੀਕ-ਰਹਿਤ ਸੀਲ ਬਣਾਉਂਦਾ ਹੈ।



**TEGO ਕਨੈਕਟਰ ਟੋਪੀ ਦਾ ਲੱਗਣਯੋਗ ਸਿਰਾ**

12. TEGO ਕਨੈਕਟਰ ਨੂੰ ਧਮਣੀ ਵਾਲੇ ਅੰਗ ਤੋਂ ਧਿਆਨ ਨਾਲ ਹਟਾਓ ਅਤੇ ਸੁੱਟ ਦਿਓ। ਖੂੰਜੇ (ਥਰੈੱਡ) ਅਤੇ ਹੱਬ ਦੇ ਸਿਰੇ ਨੂੰ ਚੰਗੀ ਤਰ੍ਹਾਂ ਰਗੜ ਕੇ ਸਾਫ਼ ਕਰੋ ਅਤੇ ਇਹ ਯਕੀਨੀ ਬਣਾਓ ਕਿ ਉੱਥੇ ਜੰਮੀਆ ਹੋਈਆਂ ਚੀਜ਼ਾਂ (ਜਿਵੇਂ ਕਿ ਖ਼ੂਨ) ਹਟਾਉਣ ਲਈ ਘੱਟੋ-ਘੱਟ 30 ਸਕਿੰਟਾਂ ਤਕ ਉਸ ਨੂੰ ਸਾਫ਼ ਕੀਤਾ ਜਾਵੇ। ਵਾਈਪ ਨੂੰ ਸੁੱਟ ਦਿਓ। ***ਖੁੱਲ੍ਹੇ ਸਿਰੇ ਆਪਣੇ ਹੱਥਾਂ ਨਾਲ ਨਾ ਛੂਹੋ।***

13. ਨਵੀਂ TEGO ਕਨੈਕਟਰ ਟੋਪੀ ਤੋਂ ਨੀਲਾ ਰੱਖਿਅਕ ਸਿਰਾ ਹਟਾਓ। TEGO ਕਨੈਕਟਰ ਟੋਪੀ ਦਾ ਲੱਗਣਯੋਗ (ਮੇਲ ਲਿਊਅਰ) ਹਿੱਸਾ ਕੈਥੇਟਰ ਦੀ ਧਮਣੀ ਵਾਲੇ ਅੰਗ ਵਿੱਚ ਲਗਾਓ। ਦੋਵੇਂ ਕਲੈਂਪ ਬੰਦ ਰਹਿਣ ਦਿਓ।

## ਕੈਥੇਟਰ ਦੀ ਵਰਤੋਂ ਕਰਦੇ ਹੋਏ ਡਾਇਐਲਿਸਿਸ ਸ਼ੁਰੂ ਕਰਨਾ
## Starting dialysis using a catheter

### ਕੈਥੇਟਰ ਖੋਲ੍ਹਣ ਤੋਂ ਪਹਿਲਾਂ ਮਸ਼ੀਨ ਨੂੰ ਚੰਗੀ ਤਰ੍ਹਾਂ ਸੈੱਟ ਅਤੇ ਸ਼ੁਰੂ ਕਰਨ ਲਈ ਤਿਆਰ ਕਰ ਲਓ।

1. ਹੱਥ ਧੋਵੋ।
2. ਇੱਕ ਸਾਫ਼ ਕੱਪੜੇ ਉੱਪਰ ਆਪਣਾ ਸਾਰਾ ਸਾਮਾਨ ਤਿਆਰ ਕਰੋ। 21 ਗੇਜ ਵਾਲੀ ਸੂਈ ਨਾਲ, 10 ਮਿ.ਲਿ ਵਾਲੀ ਸਰਿੰਜ ਵਿੱਚ ਹੈਪੇਰਿਨ ਦੀ ਆਪਣੀ ਮੁਢਲੀ ਖੁਰਾਕ ਭਰੋ ਅਤੇ ਨਾਲ ਇੱਕ ਅਲਕੋਹਲ ਸਵਾਬ (ਪੂੰਝਾ) ਰੱਖੋ।
3. ਕੈਥੇਟਰ ਉੱਪਰੋਂ ਪੁਰਾਣੀ ਪੱਟੀ ਹਟਾਓ (ਕਦੇ ਵੀ ਕੈਂਚੀ ਦੀ ਵਰਤੋਂ ਨਾ ਕਰੋ ਕਿਉਂਕਿ ਕੈਂਚੀ ਕੈਥੇਟਰ ਨੂੰ ਕੱਟ ਸਕਦੀ ਹੈ)।
4. ਹੈਂਡ ਸੈਨੇਟਾਈਜ਼ਰ ਨਾਲ ਹੱਥ ਸਾਫ਼ ਕਰੋ। ਹਵਾ ਲੱਗ ਕੇ ਸੁੱਕਣ ਦਿਓ।
5. ਇਹ ਯਕੀਨੀ ਬਣਾਓ ਕਿ ਕਲੈਂਪ ਬੰਦ ਹਨ।
6. ਧਮਣੀ ਵਿੱਚ ਲੱਗਾ ਲਿਊਮਿਨ TEGO ਕਨੈਕਟਰ ਦਾ ਸਿਰਾ ਡਿਸਇਨਫੈਕਟੈਂਟ ਵਾਈਪ ਨਾਲ ਸਾਫ਼ ਕਰੋ। ਹੱਬ ਦੇ ਖੂੰਜੇ (ਥਰੈੱਡ) ਅਤੇ ਸਿਰੇ 30 ਸਕਿੰਟਾਂ ਤਕ ਰਗੜ ਕੇ ਸਾਫ਼ ਕਰੋ ਅਤੇ ਯਕੀਨੀ ਬਣਾਓ ਕਿ ਉਨ੍ਹਾਂ ਦੇ ਨਾਲ ਲੱਗਿਆ ਖੂਨ ਸਾਫ਼ ਹੋ ਜਾਵੇ। ਵਾਈਪ ਨੂੰ ਸੁੱਟ ਦਿਓ।
7. ਧਮਣੀ ਵਾਲੇ ਲਿਊਮਿਨ TEGO ਨਾਲ ਖਾਲੀ 10 ਮਿ.ਲਿ. ਸਰਿੰਜ ਲਗਾਓ।
8. ਧਮਣੀ ਵਾਲਾ ਲਿਊਮਿਨ ਕਲੈਂਪ ਖੋਲ੍ਹੋ ਅਤੇ ਲੌਕਿੰਗ ਸੌਲਿਊਸ਼ਨ, ਖੂਨ ਅਤੇ/ਜਾਂ ਗਤਲੇ ਕੱਢੋ (ਕੁੱਲ 5 ਮਿ.ਲਿ.)। ਕਲੈਂਪ ਬੰਦ ਕਰੋ। ਸਰਿੰਜ ਸੁੱਟ ਦਿਓ।
9. ਕੈਥੇਟਰ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਣ ਲਈ ਧਮਣੀ ਵਾਲੇ ਲਿਊਮਿਨ TEGO ਕਨੈਕਟਰ ਵਿੱਚ 10 ਮਿ.ਲਿ. ਵਾਲੀ ਸਰਿੰਜ ਲਗਾਓ ਅਤੇ 3 ਵਾਰੀ 3-5 ਮਿ.ਲਿ. ਖੂਨ ਕੱਢੋ ਤਾਂ ਕਿ ਲਿਊਮਿਨ ਵਿਚਲੇ ਵਹਾਓ ਦੀ ਜਾਂਚ ਕੀਤੀ ਜਾ ਸਕੇ। ਧਮਣੀ ਵਾਲੇ ਲਿਊਮਿਨ ਉੱਪਰ ਕਲੈਂਪ ਲਗਾਓ।
10. ਧਮਣੀ ਵਾਲੇ TEGO ਲਿਊਮਿਨ ਦੀ ਵਰਤੋਂ ਕਰਦੇ ਹੋਏ 1-5 ਕਦਮ ਦੁਹਰਾਓ। ਇਸ ਸਮੇਂ ਡਾਇਐਲਿਸਿਸ ਤੋਂ ਪਹਿਲਾਂ ਜਾਂਚ ਲਈ ਲੋੜੀਂਦਾ ਖੂਨ ਕੱਢਿਆ ਜਾ ਸਕਦਾ ਹੈ।
11. ਧਮਣੀ ਵਾਲੇ ਲਿਊਮਿਨ TEGO ਕਨੈਕਟਰ ਨਾਲ ਪਹਿਲਾਂ ਤੋਂ ਹੀ ਭਰੀ ਹੋਈ 20 ਮਿ.ਲਿ. (ਜਾਂ 10 ਮਿ.ਲਿ.) ਸੇਲਾਈਨ ਸਰਿੰਜ ਜੋੜੋ। ਸਰਿੰਜ ਨੂੰ ਦਬਾ ਕੇ ਲਿਊਮਿਨ ਨੂੰ ਅੰਦਰ ਪਾਓ। ਜੇ 10 ਮਿ.ਲਿ. ਵਾਲੀ ਸਰਿੰਜ ਇਸਤੇਮਾਲ ਕਰ ਰਹੇ ਹੋ ਤਾਂ ਇਸ ਨੂੰ ਦੁਹਰਾਓ। ਲਿਊਮਿਨ ਨੂੰ ਕਲੈਂਪ ਕਰੋ। (ਕੁੱਲ: ਪ੍ਰਤੀ ਲਿਊਮਿਨ 20 ਮਿ.ਲਿ.)।

12. ਧਮਣੀ ਵਾਲੇ TEGO ਲਿਊਮਿਨ ਕਨੈਕਟਰ ਲਈ ਕਦਮ 7 ਦੁਹਰਾਓ।

13. ਧਮਣੀ ਵਾਲੀ ਨਲੀ ਉੱਪਰ ਲੱਗੀ 20 ਮਿ.ਲਿ. ਵਾਲੀ ਸਰਿੰਜ ਦੀ ਥਾਂ ਹੈਪੇਰਿਨ ਦੀ ਖ਼ੁਰਾਕ ਨਾਲ ਭਰੀ ਹੋਈ ਸਰਿੰਜ ਲਗਾਓ। ਸਰਿੰਜ ਵਿੱਚੋਂ ਹੈਪੇਰਿਨ ਨੂੰ ਅੰਦਰ ਧੱਕੋ ਅਤੇ 3 ਵਾਰੀ ਸਰਿੰਜ ਦੇ ਪਲੰਜਰ ਨੂੰ ਅੱਗੇ-ਪਿੱਛੇ ਖਿੱਚੋ। ਨਲੀਆਂ ਉੱਪਰ ਕਲੈਂਪ ਬੰਦ ਕਰ ਦਿਓ।

**ਖ਼ੂਨ ਵਾਲੀਆਂ ਨਲੀਆਂ ਜੋੜੋ ਅਤੇ ਡਾਇਐਲਿਸਿਸ ਸ਼ੁਰੂ ਕਰੋ:**

14. ***ਧਮਣੀ ਵਾਲੀ ਨਲੀ*** ਦੇ TEGO ਕਨੈਕਟਰ ਤੋਂ ਸਰਿੰਜ ਹਟਾਓ ਅਤੇ ਸੁੱਟ ਦਿਓ। ਇਹ ਪੱਕਾ ਕਰੋ ਕਿ ਧਮਣੀ ਨਾਲ ਜੁੜੀ ਖ਼ੂਨ ਵਾਲੀ ਨਲੀ ਵਿੱਚ ਬਿਲਕੁਲ ਵੀ ਹਵਾ ਨਾ ਹੋਵੇ। ਸਿਰਿਆਂ ਨੂੰ ਛੂਹੇ ਬਿਨਾਂ ਧਮਣੀ ਵਾਲੀ ਖ਼ੂਨ ਦੀ ਨਲੀ ਨੂੰ ਧਮਣੀ ਵਾਲੇ TEGO ਕਨੈਕਟਰ ਨਾਲ ਜੋੜੋ। ਪੱਕਾ ਕਰੋ ਕਿ ਕਨੈਕਸ਼ਨ ਕਸ ਕੇ ਕੀਤਾ ਹੋਵੇ।

15. ਧਮਣੀ ਵਾਲੇ TEGO ਕਨੈਕਟਰ ਤੋਂ ਸਰਿੰਜ ਹਟਾਓ ਅਤੇ ਸੁੱਟ ਦਿਓ। ਇਹ ਪੱਕਾ ਕਰੋ ਕਿ ਧਮਣੀ ਨਾਲ ਜੁੜੀ ਖ਼ੂਨ ਵਾਲੀ ਨਲੀ ਵਿੱਚ ਹਵਾ ਬਿਲਕੁਲ ਵੀ ਨਾ ਹੋਵੇ। ਸਿਰਿਆਂ ਨੂੰ ਛੂਹੇ ਬਿਨਾਂ ***ਧਮਣੀ ਵਾਲੀ ਖ਼ੂਨ ਦੀ ਨਲੀ*** ਨੂੰ ਧਮਣੀ ਵਾਲੇ TEGO ਕਨੈਕਟਰ ਨਾਲ ਜੋੜੋ। ਪੱਕਾ ਕਰੋ ਕਿ ਕਨੈਕਸ਼ਨ ਕਸ ਕੇ ਕੀਤਾ ਹੋਵੇ।

## ਕੈਥੇਟਰ ਦੀ ਵਰਤੋਂ ਕਰਦੇ ਹੋਏ ਡਾਇਐਲਿਸਿਸ ਖ਼ਤਮ ਕਰਨਾ
## End of dialysis using a catheter

**ਇਸਤੇਮਾਲ ਤੋਂ ਬਾਅਦ ਧੋਣ ਦੀ ਪ੍ਰਕਿਰਿਆ ਲਈ ਮਸ਼ੀਨ ਦਾ ਫਲਿੱਪ ਚਾਰਟ ਜਾਂ ਮੈਨੂਅਲ ਦੇਖੋ। ਇਨ੍ਹਾਂ ਹਿਦਾਇਤਾਂ ਦੀ ਪਾਲਣਾ ਉਦੋਂ ਹੀ ਕਰੋ ਜਦੋਂ ਖ਼ੂਨ ਵਾਪਸ ਤੁਹਾਡੇ ਸਰੀਰ ਅੰਦਰ ਆ ਚੁੱਕਾ ਹੋਵੇ।**

**ਸਾਮਾਨ:**

- 2 ਸਾਫ਼ ਕੱਪੜੇ
- ਕਿਟਾਣੂਨਾਸ਼ਕ ਵਾਈਪਸ (ਅਨੇਕਾਂ)
- 2 ਪੈਕੇਟ ਪੱਟੀਆਂ (4 ਪੱਟੀਆਂ ਵਾਲੇ 4 ਪੈਕੇਟ)
- 2 - 20 ਮਿ.ਲਿ. ਵਾਲੀਆਂ – ਪਹਿਲਾਂ ਤੋਂ ਹੀ ਭਰੀਆਂ ਸੈਲਾਈਨ ਸਰਿੰਜਾਂ
- 2 - 5 ਮਿ.ਲਿ. ਵਾਲੀਆਂ ਪਹਿਲਾਂ ਤੋਂ ਹੀ ਭਰੀਆਂ ਸੋਡੀਅਮ ਸਾਈਟਰੇਟ ਸਰਿੰਜਾਂ

1. ਹੱਥ ਸਾਫ਼ ਕਰਨ ਲਈ ਹੈਂਡ ਸੈਨੇਟਾਈਜ਼ਰ ਦੀ ਵਰਤੋਂ ਕਰੋ।

2. ਆਪਣੇ ਸਾਫ਼ ਕੱਪੜੇ ਉੱਪਰ ਇਹ ਸਾਮਾਨ ਤਿਆਰ ਕਰੋ।
   a) ਆਪਣੀਆਂ ਸੋਡੀਅਮ ਸਾਈਟਰੇਟ 4% ਸਰਿੰਜਾਂ ਤਿਆਰ ਕਰੋ। ਪਲੰਜਰ ਦੀ ਵਰਤੋਂ

ਕਰਦੇ ਹੋਏ ਵਾਧੂ ਸੋਡੀਅਮ ਸਾਈਟਰੇਟ ਕੱਢ ਦਿਓ। ਤੁਹਾਨੂੰ ਹਰੇਕ ਸਰਿੰਜ ਵਿੱਚ ______ ਮਿ.ਲਿ. ਚਾਹੀਦਾ ਹੁੰਦਾ ਹੈ।

b) ਕੀਟਾਣੂਨਾਸ਼ਕ ਵਾਈਪ ਦੇ ਪੈਕੇਟ ਖੋਲ੍ਹੋ।

3. ਸਾਫ਼ ਕੱਪੜਾ ਕੈਥੇਟਰ ਦੀਆਂ ਨਲੀਆਂ ਦੇ ਹੇਠਾਂ ਆਪਣੀ ਕਮੀਜ਼ ਨਾਲ ਦੋ ਕਲੈਂਪਾਂ ਨਾਲ ਲਗਾਓ ਜਾਂ ਟੇਪ ਨਾਲ ਜੋੜੋ।

4. ਆਪਣਾ ਖ਼ੂਨ ਵਾਪਸ ਦਿਓ ਅਤੇ ਬੈਠੇ ਹੋਏ ਜਾਂ ਖੜ੍ਹੇ ਹੋਏ ਆਪਣੇ ਬਲੱਡ ਪ੍ਰੈਸ਼ਰ ਦੀ ਜਾਂਚ ਕਰੋ (ਆਪਣੀ ਮਸ਼ੀਨ ਦਾ ਟ੍ਰੇਨਿੰਗ ਮੈਨੂਅਲ ਜਾਂ ਫਲਿੱਪ-ਚਾਰਟ ਦੇਖੋ)।

5. ਹਟਾਉਣ ਲਈ ਆਪਣੇ ਹੱਥ ਦੁਬਾਰਾ ਸਾਫ਼ ਕਰੋ।

6. ਧਮਣੀ ਅਤੇ ਨਾੜ ਨਾਲ ਲੱਗੇ TEGO ਕਨੈਕਟਰਾਂ ਨੂੰ ਕੀਟਾਣੂਨਾਸ਼ਕ ਵਾਈਪਸ ਨਾਲ ਸਾਫ਼ ਕਰੋ। ਇਸ ਦੀਆਂ ਸਾਈਡਾਂ ਅਤੇ ਕਨੈਕਟਰ ਨੂੰ ਚੰਗੀ ਤਰ੍ਹਾਂ ਰਗੜ ਕੇ ਸਾਫ਼ ਕਰੋ ਅਤੇ ਇਹ ਯਕੀਨੀ ਬਣਾਓ ਕਿ ਉੱਥੇ ਜੰਮੀਆ ਹੋਈਆਂ ਚੀਜ਼ਾਂ (ਜਿਵੇਂ ਕਿ ਖ਼ੂਨ) ਹਟਾਉਣ ਲਈ ਘੱਟੋ-ਘੱਟ 30 ਸਕਿੰਟਾਂ ਤਕ ਉਸ ਨੂੰ ਸਾਫ਼ ਕੀਤਾ ਜਾਵੇ। ਵਾਈਪ ਨੂੰ ਸੁੱਟ ਦਿਓ। ਨਲੀਆਂ ਨੂੰ 4 x 4- ਇੰਚ ਵਾਲੀ ਪੱਟੀ ਉੱਪਰ ਰੱਖੋ। ਨਲੀਆਂ ਨੂੰ ਇੱਕ ਮਿੰਟ ਤਕ ਸੁੱਕਣ ਦਿਓ।

7. ਚੈੱਕ ਕਰੋ ਕਿ ਕੈਥੇਟਰ ਅਤੇ ਖ਼ੂਨ ਦੀਆਂ ਨਲੀਆਂ ਕਲੈਂਪ ਹੋਈਆਂ ਹੋਣ।

8. ਧਮਣੀ ਦੀ ਖ਼ੂਨ ਵਾਲੀ ਨਲੀ ਨੂੰ ਧਿਆਨ ਨਾਲ ਧਮਣੀ ਦੇ TEGO ਕਨੈਕਟਰ ਤੋਂ ਵੱਖ ਕਰੋ।

9. ਤੁਸੀਂ ਜਿਹੜਾ ਸਿਰਾ ਸਾਫ਼ ਕਰ ਚੁੱਕੇ ਹੋ, ਉਸ ਨੂੰ ਹੱਥ ਲਗਾਏ ਬਿਨਾਂ TEGO ਕਨੈਕਟਰ ਟੋਪੀ ਵਾਲਾ ਸਿਰਾ ਸਾਫ਼ ਕਰੋ; ਪਹਿਲਾਂ ਤੋਂ ਹੀ ਭਰੀ ਹੋਈ 20 ਮਿ.ਲਿ. ਸੇਲਾਈਨ ਸਰਿੰਜ ਨਾਲ ਜੋੜੋ।

10. ਧਮਣੀ ਵਾਲੀ ਨਲੀ ਦਾ ਕਲੈਂਪ ਖੋਲ੍ਹੋ ਅਤੇ ਸੇਲਾਈਨ ਭਰ ਦਿਓ।

11. ਖਾਲੀ ਸਰਿੰਜ ਹਟਾਓ ਅਤੇ ਉਸ ਦੀ ਥਾਂ ਸੋਡੀਅਮ ਸਾਈਟਰੇਟ 4% ਸਰਿੰਜ ਲਗਾਓ। ਧਮਣੀ ਵਾਲੀ ਨਲੀ ਉੱਤੋਂ ਕਲੈਂਪ ਖੋਲ੍ਹੋ ਅਤੇ ਸੋਡੀਅਮ ਸਾਈਟਰੇਟ 4% ਭਰ ਦਿਓ। ਧਮਣੀ ਵਾਲੀ ਨਲੀ ਉੱਪਰ ਕਲੈਂਪ ਲਗਾਓ।

12. ਨਾੜ ਵਿੱਚ ਲੱਗੀ ਕੈਥੇਟਰ ਨਲੀ ਨਾਲ ਵੀ ਇਹੋ ਕਦਮ ਦੁਹਰਾਓ।

**ਧਿਆਨ ਦੇਣ ਲਈ ਜ਼ਰੂਰੀ ਗੱਲ:**

ਮੇਰੀ ਕੈਥੇਟਰ ਵਾਲੀ ਨਲੀ ਵਿੱਚ ਹੈ


A:________________

V:________________ਸੋਡੀਅਮ ਸਾਈਟ੍ਰੇਟ 4%

## ਤੁਹਾਡੇ ਡਾਇਐਲਿਸਿਸ ਕੈਥੇਟਰ ਦੀ ਪੱਟੀ ਬਦਲਣੀ
## Changing your dialysis catheter dressing

**ਸਾਮਾਨ:**

- 2 ਸਾਫ਼ ਕੱਪੜੇ
- ਕੀਟਾਣੂਨਾਸ਼ਕ ਵਾਈਪਸ ਜਾਂ ਡੰਡੀਆਂ (ਅਨੇਕਾਂ)
- 1 ਟੇਪ (1 ਇੰਚ)
- 2 ਪਲਾਸਟਿਕ ਕਲੈਂਪ
- ਛੋਟਾ ਗਾਰਬੇਜ ਬੈਗ
- ਚਿਹਰੇ ਲਈ ਮਾਸਕ
- ਹੈਂਡ ਸੈਨੇਟਾਈਜ਼ਰ
- ਪੱਟੀ – ਆਪਣੇ ਲਈ ਸਭ ਤੋਂ ਵਧੀਆ ਪੱਟੀ ਬਾਰੇ ਆਪਣੀ ਨਰਸ ਨਾਲ ਗੱਲ ਕਰੋ।



**ਡਾਇਐਲਿਸਿਸ ਕੈਥੇਟਰ ਦੀ ਪੱਟੀ**

1. ਆਪਣੇ ਹੱਥ ਪੂਰੇ ਇੱਕ ਮਿੰਟ ਤਕ ਧੋਵੋ।
2. ਆਪਣਾ ਸਾਮਾਨ ਤਿਆਰ ਕਰੋ।
   a) ਆਪਣੇ ਕੀਟਾਣੂਨਾਸ਼ਕ ਵਾਈਪਸ ਜਾਂ ਡੰਡੀਆਂ ਖੋਲ੍ਹੋ
   b) ਪੱਟੀ ਨੂੰ ਖੋਲ੍ਹੋ ਅਤੇ ਕੱਪੜੇ ਉੱਪਰ ਰੱਖੋ। ਪੱਟੀ ਦੀ ਸੁਰੱਖਿਆ ਸੀਲ ਨਾ ਖੋਲ੍ਹੋ।
   c) ਦੂਜਾ ਸਾਫ਼ ਕੱਪੜਾ ਆਪਣੀ ਕਮੀਜ਼ ਨਾਲ ਲਗਾਓ (ਜੇ ਤੁਸੀਂ ਕੱਪੜੇ ਪਹਿਨੇ ਹੋਇਆਂ ਪੱਟੀ ਬਦਲ ਰਹੇ ਹੋ)।
   d) ਆਪਣਾ ਮਾਸਕ ਪਹਿਨੋ।
3. ਪੁਰਾਣੀ ਪੱਟੀ ਹਟਾਓ। ਚਮੜੀ ਦੀ ਹਾਲਤ ਵਿੱਚ ਕੋਈ ਤਬਦੀਲੀਆਂ ਦਾ ਜਾਇਜ਼ਾ ਲਓ। ਕੀ ਚਮੜੀ ਲਾਲ ਹੋਈ ਹੈ? ਕੀ ਉਸ ਵਿੱਚੋਂ ਰਿਸਾਵ ਹੋ ਰਿਹਾ ਹੈ? ਕੀ ਦਰਦ ਹੋ ਰਿਹਾ ਹੈ? ਕੁਝ ਵੀ ਵੱਖਰਾ ਹੋਵੇ ਤਾਂ ਆਪਣੀ ਨਰਸ ਨੂੰ ਸੂਚਿਤ ਕਰੋ।
4. ਹੈਂਡ ਸੈਨੇਟਾਈਜ਼ਰ ਨਾਲ ਹੱਥ ਸਾਫ਼ ਕਰੋ।
5. ਉਸ ਥਾਂ ਨੂੰ ਕੀਟਾਣੂਨਾਸ਼ਕ ਵਾਈਪਸ ਜਾਂ ਡੰਡੀਆਂ ਨਾਲ ਸਾਫ਼ ਕਰੋ। ਉੱਪਰੋਂ ਥੱਲੇ ਅਤੇ ਸੱਜੇ ਤੋਂ ਖੱਬੇ ਦੀ ਦਿਸ਼ਾ ਵਿੱਚ ਸਫਾਈ ਕਰੋ। ਵਾਈਪ ਨੂੰ ਸੁੱਟੋ ਅਤੇ ਇਸ ਕਦਮ ਨੂੰ ਦੁਹਰਾਓ।
6. ਹਵਾ ਲਗਾ ਕੇ ਸੁਕਾਓ। (30 ਸਕਿੰਟ-1 ਮਿੰਟ)
7. ਨਵੀਂ ਪੱਟੀ ਲਗਾਓ। ਇਸ ਦਾ ਕਵਰ ਹਟਾਓ ਅਤੇ ਇਸ ਨੂੰ ਚਮੜੀ ਉੱਪਰ ਇੰਝ ਚਿਪਕਾਓ ਜਿਸ ਨਾਲ ਕੈਥੇਟਰ ਦਾ ਦੋ ਇੰਚ ਦਾ ਹਿੱਸਾ ਪੱਟੀ ਦੇ ਹੇਠਾਂ ਆ ਜਾਵੇ। ਪੱਟੀ ਦੇ ਮੱਧ ਵਾਲੇ ਹਿੱਸੇ ਨੂੰ ਹੱਥ ਲਗਾਉਣ ਤੋਂ ਪਰਹੇਜ਼ ਕਰੋ।

## ਨੋਟਸ - ਤੁਹਾਡਾ ਡਾਇਐਲਿਸਿਸ ਕੈਥੇਟਰ
## Notes- Your Dialysis Catheter